ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ
ਪਲਾਟ ਨੰ:-3, ਸੈਕਟਰ- 35- ਏ, ਚੰਡੀਗੜ੍ਹ - 160 036
(ਜਨਰਲ ਸਾਖਾ)

ਨੰ:ਸ2-ਜਸ-ਡਸਸ-18/ ਫੋਨ. 0172-2619122
ਮਿਤੀ: ਈ-ਮੇਲ: gbdlg306@gmail.com

ਸੇਵਾ ਵਿਖੇ

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਮਲੋਟ ।

ਵਿਸਾ: ਨਗਰ ਕੌਂਸਲ, ਮਲੋਟ ਦੀ ਸਧਾਰਨ ਮੀਟਿੰਗ ਮਿਤੀ 31-10-2018 ਦੀ ਕਾਰਵਾਈ ਭੇਜਣ ਸਬੰਧੀ ।

*****

ਉਪਰੋਕਤ ਵਿਸੇ ਤੇ ਆਪ ਦੇ ਪੱਤਰ ਨੰਬਰ 3482 ਮਿਤੀ 01-11-2018 ਦੇ ਹਵਾਲੇ ਵਿੱਚ ।

2. ਨਗਰ ਕੌਂਸਲ, ਮਲੋਟ ਦੀ ਸਧਾਰਨ ਮੀਟਿੰਗ ਮਿਤੀ 31-10-2018 ਦੀ ਕਾਰਵਾਈ ਵਿੱਚ ਪਾਸ ਕੀਤੇ ਗਏ ਮਤਾ ਨੰਬਰ 325 ਤੋਂ ਲੈ ਕੇ ਮਤਾ ਨੰਬਰ 337 ਨੂੰ ਮਾਨਯੋਗ ਡਾਇਰੈਕਟਰ ਸਥਾਨਕ ਸਰਕਾਰ ਪੰਜਾਬ ਦੀ ਪੱਧਰ ਤੇ ਵਿਚਾਰਨ ਉਪਰੰਤ ਹੇਠ ਅਨੁਸਾਰ ਫੈਸਲੇ ਕੀਤੇ ਗਏ ਹਨ :-

ਮਤਾ ਨੰ:325,334,:- ਟਿੱਪਣੀ ਦੀ ਲੋੜ ਨਹੀ ਹੈ ।
ਮਤਾ ਨੰ:326,327,329,330,331,332,336:- ਰੂਲਾਂ/ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ ।
ਮਤਾ ਨੰ:328,:-ਇਸ ਵਿਭਾਗ ਦੇ ਮੀਮੋ ਨੰਬਰ ਲੇਖਾ6-ਓਕਵਲ-ਡਸਸ-17/21935-950 ਮਿਤੀ 18-5-2017 ਅਨੁਸਾਰ ਕਾਰਵਾਈ ਕੀਤੀ ਜਾਵੇ ।
ਮਤਾ ਨੰ:333:- ਮਤੇ ਦੀ ਕਾਪੀ ਮਿਉਸਪਲ ਸਰਵਿਸ ਸੈਲ ਨੂੰ ਅਗਲੇਰੀ ਕਾਰਵਾਈ ਕਰਨ ਹਿੱਤ ਭੇਜੀ ਗਈ ਹੈ ।
ਮਤਾ ਨੰ:335:- ਮਤੇ ਦੀ ਕਾਪੀ ਇੰਜੀਨੀਅਰ-ਇੰਨ-ਚੀਫ ਨੂੰ ਟਿੱਪਣੀ ਹਿੱਤ ਭੇਜੀ ਗਈ ਹੈ ।
ਮਤਾ ਨੰ:337:-ਰੂਲਾਂ/ਹਦਾਇਤਾਂ ਅਤੇ ਕੋਰਟ ਦੇ ਹੁਕਮਾਂ ਅਨੁਸਾਰ ਅਦਾਇਗੀ ਕੀਤੀ ਜਾਵੇ ਅਤੇ ਕਾਪੀ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਵੀ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਗਈ ਹੈ ।

ਸੁਪਰਡੰਟ(ਜਸ)
ਮਿਤੀ

ਪਿੱਠ ਅੰਕਣ ਸ2-ਜਸ-ਡਸਸ-18/
ਇਸਦਾ ਇੱਕ ਉਤਾਰਾ ਸੁਪਰਡੰਟ, ਮਿਉਸਪਲ ਸਰਵਿਸ ਸੈਲ ਨੂੰ ਸਮੇਤ ਮਤਾ ਨੰਬਰ 333 ਮਿਤੀ 31-10-2018 ਦੀ ਕਾਪੀ ਅਗਲੇਰੀ ਕਾਰਵਾਈ ਕਰਨ ਭੇਜੀ ਜਾਂਦੀ ਹੈ ।

ਸੁਪਰਡੰਟ(ਜਸ)
ਮਿਤੀ

9802
13/12/18

ਪਿੱਠ ਅੰਕਣ ਸ2-ਜਸ-ਡਸਸ-18/
ਇਸਦਾ ਇੱਕ ਉਤਾਰਾ ਇੰਜੀਨੀਅਰ ਇੰਨ ਚੀਫ, ਸਥਾਨਕ ਸਰਕਾਰ ਵਿਭਾਗ ਨੂੰ ਸਮੇਤ ਮਤਾ ਨੰਬਰ 335 ਮਿਤੀ 31-10-2018 ਦੀ ਕਾਪੀ ਅਗਲੇਰੀ ਕਾਰਵਾਈ ਕਰਨ ਭੇਜੀ ਜਾਂਦੀ ਹੈ ।

ਸੁਪਰਡੰਟ(ਜਸ)
ਮਿਤੀ 11-12-18

ਪਿੱਠ ਅੰਕਣ ਸ2-ਜਸ-ਡਸਸ-18/ 69878
ਇਸਦਾ ਇੱਕ ਉਤਾਰਾ ਮੁੱਖ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਸਮੇਤ ਮਤਾ ਨੰਬਰ 337 ਮਿਤੀ 31-10-2018 ਦੀ ਕਾਪੀ ਰੂਲਾਂ/ਹਦਾਇਤਾਂ ਅਤੇ ਕੋਰਟ ਦੇ ਹੁਕਮਾਂ ਅਨੁਸਾਰ ਅਦਾਇਗੀ ਕਰਨ ਲਈ ਭੇਜੀ ਜਾਂਦੀ ਹੈ ।

ਸੁਪਰਡੰਟ(ਜਸ)

| | | |
|---|---|---|
| 4 | ਇੰਟਰਲਾਕ ਟਾਇਲਾ ਦਾ ਫਰਸ਼ ਲਗਾਉਣਾ ਗਲੀ ਟਰੱਕ ਯੂਨੀਅਨ ਵਾਲੀ, ਗਲੀ ਨੰ: 5 ਵਾ ਨੰ: 13 | 13.30 |
| 5 | ਇੰਟਰਲਾਕ ਟਾਇਲਾ ਦਾ ਫਰਸ਼ ਲਗਾਉਣਾ ਗਲੀ ਕਲਗੀਧਰ ਮੁਹੱਲਾ, ਗਲੀ ਨੰ: 4 ਅਤੇ ਲਿੰਕ ਗਲੀ ਖੱਬਾ ਪਾਸਾ ਵਾ ਨੰ: 11 | 9.99 |
| 6 | ਇੰਟਰਲਾਕ ਟਾਇਲਾ ਦਾ ਫਰਸ਼ ਲਗਾਉਣਾ ਗਲੀ ਕਲਗੀਧਰ ਮੁਹੱਲਾ, ਗਲੀ ਨੰ: 3 ਖੱਬਾ ਪਾਸਾ ਵਾ ਨੰ: 11 | 5.97 |
| 7 | ਇੰਟਰਲਾਕ ਟਾਇਲਾ ਦਾ ਫਰਸ਼ ਲਗਾਉਣਾ ਗਲੀ ਕਲਗੀਧਰ ਮੁਹੱਲਾ, ਗਲੀ ਨੰ: 5 ਖੱਬਾ ਪਾਸਾ ਵਾ ਨੰ: 11 | 5.85 |
| | ਕੁੱਲ ਜੋੜ | **59.17** |

ਪ੍ਰਸਾਸਕੀ ਪ੍ਰਵਾਨਗੀ ਲੈਣ ਲਈ ਰਿਪੋਰਟ ਨਗਰ ਕੌਸਲ ਦੀ ਇੱਕਤਰਤਾ ਵਿਚ ਪੇਸ਼ ਹੈ, ਜੀ। ਮਹਿ ਸ਼ਿਫਾਰਸ਼ ਕਾਰਜਸਾਧਕ ਅਫਸਰ ਕਿ ਕੇਸ ਨਗਰ ਕੌਸਲ ਦੀ ਇੱਕਤਰਤਾ ਵਿਚ ਪੇਸ਼ ਕੀਤਾ ਜਾਣਾ ਯੋਗ ਹੈ, ਜੀ।
ਮਤਾ :- ਸਰਵ ਸੰਮਤੀ ਨਾਲ ਪ੍ਰਵਾਨ ਹੈ।

ਹੇਠ ਲਿਖਿਆ ਤਜਵੀਜਾਂ ਪ੍ਰਧਾਨ ਜੀ ਦੀ ਆਗਿਆ ਨਾਲ ਮੀਟਿੰਗ ਵਿਚ ਵਿਚਾਰਿਆਂ ਗਈਆਂ

ਤਜਵੀਜ ਨੰ: 336 ਰਿਪੋਰਟ ਵੱਲੋ ਸਫਾਈ ਸਾਖਾ ਕਿ ਨਗਰ ਕੌਸਲ ਮਲੋਟ ਵੱਲੋ ਮੁਰਦਾ ਮਵੇਸ਼ੀ ਜਾਨਵਰਾਂ ਨੂੰ ਚੁੱਕਣ ਦਾ ਠੇਕਾ ਇੱਕ ਸਾਲ ਲਈ ਮੁਬਲਿਗ 60500/-ਰੁ: ਵਿਚ ਦਿੱਤਾ ਗਿਆ ਸੀ। ਇਸ ਠੇਕੇ ਦੀ ਰਿਜਰਵ ਕੀਮਤ 50000/-ਰੁ: ਸੀ। ਇਹ ਠੇਕਾ ਮਿਤੀ 03-10-2018 ਨੂੰ ਖਤਮ ਹੋਣ ਤੋ ਪਹਿਲਾ ਅਗਲੇ ਇੱਕ ਸਾਲ ਵਾਸਤੇ ਮੁਰਦਾ ਮਵੇਸ਼ੀ ਜਾਨਵਰਾਂ ਨੂੰ ਚੁੱਕਣ ਦਾ ਠੇਕਾ ਦੇਣ ਸਬੰਧੀ ਨਗਰ ਕੌਸਲ ਮਲੋਟ ਵੱਲੋ ਪਹਿਲੀ ਬੋਲੀ ਮਿਤੀ 24-09-2018 ਨੂੰ ਰੱਖੀ ਗਈ ਜਿਸ ਵਿਚ ਕੋਈ ਵੀ ਬੋਲੀਕਾਰ ਹਾਜਰ ਨਹੀ ਹੋਇਆ। ਨਗਰ ਕੌਸਲ ਮਲੋਟ ਵੱਲੋ ਦੂਜੀ ਵਾਰ ਬੋਲੀ ਮਿਤੀ 05-10-2018 ਨੂੰ ਰੱਖੀ ਗਈ ਸੀ ਪਰ ਇਸ ਵਾਰ ਵੀ ਕੋਈ ਬੋਲੀਕਾਰ ਬੋਲੀ ਦੇਣ ਨਹੀ ਆਇਆ।ਇਸ ਤੋ ਬਾਅਦ ਤੀਸਰੀ ਵਾਰ ਮਿਤੀ 29-10-2018 ਨੂੰ ਬੋਲੀ ਰੱਖੀ ਗਈ ਸੀ ਇਸ ਵਾਰ ਵੀ ਇਹ ਬੋਲੀ ਨਹੀ ਹੋਈ। ਇਥੇ ਇਹ ਦੱਸਣਾ ਯੋਗ ਹੋਵੇਗਾ ਕਿ ਨਗਰ ਕੌਸਲ ਮਲੋਟ ਪਾਸ ਹੱਡਾ ਰੋੜੀ ਲਈ ਆਪਣੀ ਕੋਈ ਜਗ੍ਹਾ ਨਹੀ ਹੈ।ਇਸ ਕਰਕੇ ਮਾਮਲਾ ਹਾਊਸ ਦੇ ਵਿਚਾਰ ਲਈ ਰਿਪੋਰਟ ਪੇਸ਼ ਹੈ, ਜੀ। ਮਹਿ ਸ਼ਿਫਾਰਸ਼ ਕਾਰਜਸਾਧਕ ਅਫਸਰ ਕਿ ਕੇਸ ਨਗਰ ਕੌਸਲ ਦੀ ਇੱਕਤਰਤਾ ਵਿਚ ਪੇਸ਼ ਕੀਤਾ ਜਾਣਾ ਯੋਗ ਹੈ, ਜੀ।
ਮਤਾ :- ਇਹ ਆਈਟਮ ਵਿਚਾਰ ਲਈ ਪੇਸ਼ ਹੋਈ, ਤਾਂ ਹਾਊਸ ਨੇ ਮਹਿਸੂਸ ਕੀਤਾ ਕਿ ਨਗਰ ਕੌਸਲ ਮਲੋਟ ਪਾਸ ਹੱਡਾ ਰੋੜੀ ਲਈ ਆਪਣੀ ਜਗ੍ਹਾ ਨਾ ਹੋਣ ਕਾਰਨ ਇਹ ਠੇਕਾ ਨਹੀ ਹੋ ਰਿਹਾ ਅਤੇ ਬੋਲੀਕਾਰਾਂ ਵੱਲੋ ਰਿਜਰਵ ਕੀਮਤ ਘਟਾਉਣ ਦੀ ਮੰਗ ਕੀਤੀ ਜਾ ਰਹੀ ਹੈ ਕਿਉਂਕਿ ਉਹਨਾਂ ਨੂੰ ਮੁਰਦਾ ਪਸ਼ੂ ਦੂਸਰੇ ਸ਼ਹਿਰਾਂ ਵਿਚ ਲਿਜਾਣੇ ਪੈਂਦੇ ਹਨ ਜਿਸ ਕਾਰਨ ਢੋਆ-ਢੁਆਈ ਦਾ ਖਰਚਾ ਵੱਧ ਜਾਂਦਾ ਹੈ। ਇਸ ਕਰਕੇ ਕਾਫੀ ਵਿਚਾਰ ਵਟਾਂਦਰੇ ਉਪਰੰਤ ਸਰਵ ਸੰਮਤੀ ਨਾਲ ਪਾਸ ਹੋਇਆ ਕਿ ਇਸ ਠੇਕੇ ਦੀ ਰਿਜਰਵ ਕੀਮਤ ਸ਼ਹਿਰ ਵਾਸੀਆ ਦੀ ਸੱਮਸਿਆ ਨੂੰ ਮੁੱਖ ਰੱਖਦੇ ਹੋਏ ਮੁਬਲਿਗ 20000/-ਰੁ: ਨਿਸ਼ਚਿਤ ਕੀਤੀ ਜਾਂਦੀ ਹੈ। ਇਸ ਅਨੁਸਾਰ ਕਾਰਵਾਈ ਕੀਤੀ ਜਾਵੇ।

ਤਜਵੀਜ ਨੰ: 337 ਉਪ ਮੰਡਲ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਉਪ ਮੰਡਲ ਮਲੋਟ ਵੱਲੋ ਆਪਣੇ ਪੱਤਰ ਨੰ: 1351 ਮਿਤੀ 30-10-2018 ਰਾਂਹੀ ਲਿਖਿਆ ਹੈ ਕਿ ਸਾਲ 2015 ਵਿਚ ਭਾਰੀ ਨਹਿਰੀ ਬੰਦੀ ਕਰਕੇ ਮੈਸ: ਗੁਪਤਾ ਟਿਊਬਵੈਲ ਅਤੇ ਮਸ਼ੀਨਰੀ ਸਟੋਰ ਵੱਲੋ ਤਿੰਨ ਟਿਊਬਵੈਲ ਲਾਗਤ 4.35 ਲੱਖ ਰੁ: ਦੇ ਲਗਵਾਏ ਗਏ ਸਨ। ਜੋ ਕਿ ਅਜੇ ਵੀ ਸਹੀ ਚੱਲ ਰਹੇ ਹਨ, ਪਰ ਸੀਵਰੇਜ ਬੋਰਡ ਅਤੇ ਨਗਰ ਕੌਸਲ ਦੋਨਾ ਵਿਭਾਗਾ ਵਿਚੋ ਇਹ ਅਦਾਇਗੀ ਨਹੀ ਹੋ ਸਕੀ। ਜਿਸ ਕਾਰਨ ਮੈਸ: ਗੁਪਤਾ ਟਿਊਬਵੈਲ ਅਤੇ ਮਸ਼ੀਨਰੀ ਸਟੋਰ ਵੱਲੋ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿਚ ਸੀ.ਡਬਲਯੂ.ਪੀ. ਨੰ: 5492 ਆਫ 2018 ਦੇ ਫੈਸਲੇ ਵੱਜੋਂ ਅਦਾਇਗੀ ਕਰਨ ਦੀ ਹਦਾਇਤ ਕੀਤੀ ਗਈ ਪਰ ਮਿੱਥੇ ਸਮੇਂ ਵਿਚ ਇਹ ਅਦਾਇਗੀ ਨਾ ਹੋਣ ਕਰਕੇ ਮਾਨਯੋਗ ਹਾਈ ਕੋਰਟ ਵੱਲੋ ਮਾਨਹਾਨੀ ਦਾ ਨੋਟਿਸ ਮਿਤੀ 18-02-2019 ਤੋ ਪਹਿਲਾ ਜਾਂ ਫਿਰ ਨੋਟਿਸ ਮਿਲਣ ਦੇ ਅੱਠ ਹਫਤਿਆਂ ਵਿਚ ਮਿਤੀ 18-12-2018 ਜੋ ਬਣਦਾ ਹੈ ਦਿੱਤਾ ਹੈ। ਜਿਸ ਵਿਚ ਮਾਨਯੋਗ ਡਿਪਟੀ ਕਮਿਸ਼ਨਰ ਸ਼੍ਰੀ ਮੁਕਤਸਰ ਸਾਹਿਬ, ਉਪ ਮੰਡਲ ਮੈਜਿਸ਼ਟਰੈਟ ਮਲੋਟ, ਕਾਰਜਕਾਰੀ ਇੰਜੀਨੀਅਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਬਠਿੰਡਾ, ਕਾਰਜਸਾਧਕ ਅਫਸਰ ਨਗਰ ਕੌਸਲ ਮਲੋਟ ਅਤੇ ਉਪ ਮੰਡਲ ਇੰਜੀਨੀਅਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਉਪ ਮੰਡਲ ਮਲੋਟ ਨੂੰ ਉਹਨਾ ਦੇ ਨਾਮ ਤੇ ਨੋਟਿਸ ਸਰਵ ਕੀਤੇ ਗਏ ਹਨ। ਮਾਨਯੋਗ ਡਿਪਟੀ ਕਮਿਸ਼ਨਰ, ਸ਼੍ਰੀ ਮੁਕਤਸਰ ਸਾਹਿਬ, ਜੀ ਵੱਲੋ ਮਿਤੀ 30-10-2018 ਨੂੰ ਸੱਦੀ ਮੀਟਿੰਗ ਵਿਚ ਇਹ ਹੁੱਕਮ ਦਿੱਤੇ ਹਨ ਕਿ ਸ਼ਹਿਰ ਦੀ ਬੇਹਤਰੀ ਹਿੱਤ ਇਹ ਅਦਾਇਗੀ ਨਗਰ ਕੌਸਲ 18-12-2018 ਤੱਕ ਕਰ ਦੇਵੇ। ਇਸ ਲਈ ਅਦਾਇਗੀ ਹਿੱਤ ਮਤਾ ਪਾ ਕੇ ਲੋੜੀਦੀ ਕਾਰਵਾਈ ਆਰੰਭੀ ਜਾਵੇ ਜੀ। ਇਸ ਲਈ ਉਕਤ ਪੱਤਰ ਹਾਊਸ ਦੇ ਵਿਚਾਰ ਲਈ ਪੇਸ਼ ਹੈ, ਜੀ।
ਮਤਾ :- ਇਹ ਆਈਟਮ ਵਿਚਾਰ ਲਈ ਹਾਊਸ ਦੇ ਪੇਸ਼ ਹੋਈ, ਤਾਂ ਹਾਊਸ ਨੇ ਮਹਿਸੂਸ ਕੀਤਾ ਕਿ ਸਾਲ 2015 ਵਿਚ ਭਾਰੀ ਨਹਿਰੀ ਬੰਦੀ ਕਾਰਨ ਮੈਸ: ਗੁਪਤਾ ਟਿਊਬਵੈਲ ਅਤੇ ਮਸ਼ੀਨਰੀ ਸਟੋਰ ਪਾਸੋ ਤਿੰਨ ਟਿਊਬਵੈਲ (ਲਾਗਤ 4.35 ਲੱਖ ਰੁ:)

ੂ ਕਿਸੇ ਵੀ ਵਿਭਾਗ ਵੱਲੋ ਅਜੇ ਤੱਕ ਅਦਾਇਗੀ ਨਹੀ ਕੀਤੀ ਗਈ। ਜਿਸ ਕਾਰਨ ਸਬੰਧਤ ਫਰਮ ਵੱਲੋ ਮਾਨਯੋਗ ਪੰਜਾਬ ਹਰਿਆਣਾ ਹਾਈਕੋਰਟ ਚੰਡੀਗੜ੍ਹ ਵਿਚ ਸੀ.ਡਬਲਯੂ.ਪੀ. ਨੰ: 5492 ਆਫ 2018 ਅਤੇ ਬਾਅਦ ਵਿਚ ਸੀ.ਓ.ਸੀ.ਪੀ. ਨੰ: 962 ਆਫ 2018 ਦਾਇਰ ਕੀਤੀ ਗਈ। ਸੀ.ਓ.ਸੀ.ਪੀ. ਦੀ ਅਗਲੀ ਤਾਰੀਖ ਪੇਸ਼ੀ 18-02-2019 ਨਿਸਚਿਤ ਹੈ। ਇਸ ਕਰਕੇ ਸਰਵ ਸੰਮਤੀ ਨਾਲ ਪਾਸ ਹੋਇਆ ਕਿ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਅਤੇ ਅਦਾਲਤੀ ਪ੍ਰੇਸ਼ਾਨੀ ਤੋ ਬਚਣ ਲਈ ਸਬੰਧਤ ਵਿਭਾਗ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਮੁਬਲਿਗ 4.35 ਲੱਖ ਰੁ: ਟਰਾਂਸਫਰ ਕਰਨ ਲਈ ਖਰਚਾ ਪ੍ਰਵਾਨ ਹੈ।

ਸਹੀ/-
ਪ੍ਰਧਾਨ,
ਨਗਰ ਕੋਸਲ ਮਲੋਟ।

ਤਸਦੀਕ ਸ਼ੁਦਾ ਕਾਪੀ

ਕਾਰਜਸਾਧਕ ਅਫਿਸਰ,
ਨਗਰ ਕੋਸਲ ਮਲੋਟ।

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ**
**ਪਲਾਟ ਨੰ: 1 ਬੀ, ਸੈਕਟਰ 27 ਏ, ਚੰਡੀਗੜ੍ਹ।**

ਪਿੱਠ ਅੰਕਣ ਨੰ: ਪਵਸਸਬ-2018/ਵ-2/ 23333 ਮਿਤੀ: 24/12/18

ਉਪਰੋਕਤ ਦੀ ਨਕਲ ਮੁੱਖ ਇੰਜੀਨੀਅਰ(ਦੱਖਣ) ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਬਠਿੰਡਾ ਨੂੰ ਸੁਪਰਡੰਟ (ਜਸ) ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ ਦਾ ਪਿੱਠ ਅੰਕਣ ਨੰ: 69878 ਮਿਤੀ 11.12.2018 ਸਮੇਤ ਮਤਾ ਨੰਬਰ 337 ਮਿਤੀ 31-10-2018 ਦੀ ਕਾਪੀ ਸੂਚਨਾਂ ਤੇ ਲੋੜੀਦੀ ਕਾਰਵਾਈ ਹਿਤ ਭੇਜੀ ਜਾਂਦੀ ਹੈ ।

21/12
ਕਾਰਜਕਾਰੀ ਇੰਜੀਨੀਅਰ (ਵ)
21/12